## ਸ਼ੇਖ ਫ਼ਰੀਦ - ਸਬਦ ੫

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੭

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥

ਸਾਰ: ਜੀਵਨ ਦਾ ਅੰਤ ਪਹਿਲਾਂ ਤੋਂ ਨਿਸ਼ਚਿਤ ਹੈ, ਮੌਤ ਦੀ ਅਟੱਲ ਹਕੀਕਤ। ਇਹ ਗਹਿਰਾ ਅਤੇ ਕਾਲਹੀਨ ਰਹੱਸ ਬਰਾਬਰ ਵਰਤਾਰੇ ਦੇ ਤੌਰ ਤੇ ਕੰਮ ਕਰਦਾ ਹੈ, ਕੋਈ ਪੱਖਪਾਤ ਨਹੀਂ ਕਰਦਾ ਅਤੇ ਸਾਰੇ ਜੀਵਾਂ ਨੂੰ ਇਸ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸਾਨੂੰ ਜੀਵਨ ਦੀ ਅਸਥਿਰਤਾ ਨੂੰ ਸਵੀਕਾਰ ਕਰਨ ਲਈ ਮਜ਼ਬੂਰ ਕਰਦਾ ਹੈ। ਜਦੋਂ ਕਿ ਇਸ ਅਸਥਿਰਤਾ ਨੂੰ ਅਪਣਾਉਣਾ ਮੁਸ਼ਕਲ ਹੋ ਸਕਦਾ ਹੈ, ਇਹ ਸਾਨੂੰ ਹਰ ਪਲ ਨੂੰ ਮਾਨਣ ਅਤੇ ਸਾਡੇ ਉਦੇਸ਼ ਲਈ ਕੀਤੇ ਜਾਂਦੇ ਯਤਨਾਂ ਲਈ ਵੀ ਸ਼ਕਤੀ ਪ੍ਰਦਾਨ ਕਰਦਾ ਹੈ।

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਵਿਆਹ ਦੇ ਸ਼ੁਭ ਮੌਕੇ ਦੀ ਮਿਤੀ ਅਤੇ ਸਮਾਂ ਪਹਿਲਾਂ ਤੋਂ ਨਿਰਧਾਰਤ ਹੁੰਦਾ ਹੈ, ਇਹ ਦਰਸਾਉਂਦਾ ਹੈ ਕਿ ਜਨਮ ਅਤੇ ਮੌਤ ਦਾ ਦਿਨ ਅਤੇ ਸਮਾਂ ਵੀ ਪਹਿਲਾਂ ਤੋਂ ਨਿਰਧਾਰਤ ਹੈ।

ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥

ਮਾਲਕ, ਜੋ ਸਭ ਨੂੰ ਸਿਰਜਣ ਵਾਲੀ, ਪਾਲਣ ਵਾਲੀ ਅਤੇ ਨਾਸ਼ ਕਰਨ ਵਾਲੀ ਸਰਬਵਿਆਪੀ ਊਰਜਾ ਦਾ ਪ੍ਰਤੀਕ ਹੈ, ਜਿਸ ਬਾਰੇ ਅਸੀਂ ਸਿਰਫ ਸੁਣਿਆ ਸੀ, ਉਸ ਨੇ ਆਪਣੇ ਆਪ ਨੂੰ ਮੌਤ ਦੀ ਹਕੀਕਤ ਦੇ ਅਨੁਭਵ ਨੂੰ ਮਹਿਸੂਸ ਕਰਨ ਲਈ ਪ੍ਰਗਟ ਕੀਤਾ ਹੈ।

ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥

ਜਦੋਂ ਸਰੀਰ ਦਾ ਨਾਸ਼ ਹੋ ਜਾਂਦਾ ਹੈ, ਨਿਮਰ ਰੂਹ ਮੁਕਤੀ ਪ੍ਰਾਪਤ ਕਰਦੀ ਹੈ, ਇਹ ਸਾਡੇ ਮੋਹ ਦੀ ਮੁਕਤੀ ਨੂੰ ਉਜਾਗਰ ਕਰਦੀ ਹੋਈ ਸਰੀਰਕ ਹੋਂਦ ਨਾਲ ਥੋੜ੍ਹੇ ਸਮੇਂ ਲਈ ਜੁੜੀ ਹੁੰਦੀ ਹੈ।

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥

ਜੀਵਨ ਦਾ ਅੰਤ ਪਹਿਲਾਂ ਤੋਂ ਨਿਸ਼ਚਿਤ ਹੈ, ਜੋ ਮੌਤ ਦੀ ਅਟੱਲ ਹਕੀਕਤ ਨੂੰ ਉਜਾਗਰ ਕਰਦਾ ਹੈ।

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥

ਚੇਤਨਾ ਲਾੜੀ ਹੈ, ਅਤੇ ਉਸ ਨਾਲ ਵਿਆਹ ਕਰਨ ਵਾਲੀ ਮੌਤ ਲਾੜਾ, ਜੋ ਉਸਨੂੰ ਵਿਆਹ ਕੇ ਲੈ ਜਾਏਗਾ। ਇਹ ਦਰਸਾਉਂਦਾ ਹੈ ਕਿ ਜਦੋਂ ਸਾਡੀ ਅਸਥਾਈ ਸਰੀਰਕ ਹੋਂਦ ਖਤਮ ਹੁੰਦੀ ਹੈ, ਤਦ ਸਾਡੀ ਚੇਤਨਾ ਸਦੀਵੀ ਊਰਜਾ ਨਾਲ ਮਿਲ ਜਾਂਦੀ ਹੈ।

ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥

ਮੌਤ ਨੇ ਸਰੀਰ ਨੂੰ ਆਰਾਮ ਦੇ ਦਿੱਤਾ ਹੈ; ਹੁਣ ਇਹ ਕਿਸ ਨੂੰ ਗੱਲ ਲਾਵੇਗਾ? ਇਹ ਚਿੱਤਰਣ ਸਾਡੀ ਸਰੀਰਕ ਹੋਂਦ ਨੂੰ ਆਉਣ ਵਾਲੀ ਅਟੱਲ ਮੌਤ ਦੀ ਯਾਦ ਦਵਾਉਂਦਾ ਹੈ।

ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥

ਕੀ ਤੁਸੀਂ ਉਸ ਪੁਲ ਬਾਰੇ ਨਹੀਂ ਸੁਣਿਆ ਜੋ ਨਰਕ ਤੋਂ ਹੋ ਸਵਰਗ ਵੱਲ ਜਾਂਦਾ ਹੈ, ਕਿਹਾ ਜਾਂਦਾ ਹੈ ਕਿ ਉਹ ਇਕ ਵਾਲ ਤੋਂ ਵੀ ਤੰਗ ਹੈ। ਇਹ ਚਿਤਰਣ ਇਸ ਤੱਥ ਦਾ ਪ੍ਰਤੀਕ ਹੈ ਕਿ ਨੇਕੀ ਅਤੇ ਬਦੀ ਵਿਚਲੇ ਨਾਜ਼ੁਕ ਸੰਤਲੁਨ ਨੂੰ ਗਵਾ ਦੇਣਾ ਬਹੁਤ ਅਸਾਨ ਹੈ।

ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥

ਫਰੀਦ ਕਹਿੰਦੇ ਹਨ ਚੇਤਾਵਨੀ ਦੀਆਂ ਸੱਦਾਂ ਪੈ ਰਹੀਆਂ ਹਨ; ਹੁਣ ਸਾਵਧਾਨ ਰਹੋ - ਆਪਣੇ ਆਪ ਨੂੰ ਲੁੱਟਣ ਨਾ ਦਿਓ। ਪ੍ਰਤੀਕ ਰੂਪ ਵਿੱਚ, ਜਿਵੇਂ ਸਮਾਂ ਬੀਤਦਾ ਹੈ ਅਤੇ ਮੌਤ ਨੇੜੇ ਆਉਂਦੀ ਹੈ, ਇੱਕ ਅਧਿਆਤਮਿਕ ਮਾਰਗ 'ਤੇ ਚੱਲਣਾ ਅਤੇ ਇਸ ਜੀਵਨ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਲਾਜ਼ਮੀ ਹੈ। (੧)

ਤੱਤ: ਸ਼ੇਖ ਫ਼ਰੀਦ ਕਹਿੰਦੇ ਹਨ ਕਿ ਜਿਵੇਂ ਸਮਾਂ ਵੱਧਦਾ ਹੈ ਅਤੇ ਮੌਤ ਨੇੜੇ ਆਉਂਦੀ ਹੈ, ਇਕ ਅਰਥ ਭਰਪੂਰ ਜੀਵਨ ਜੀਉਣ ਲਈ ਕਰਮਾਂ ਨੂੰ ਗੁਣਾਂ ਨਾਲ ਇਕਸਾਰ ਕਰਨਾ ਲਾਭਦਾਇਕ ਹੈ। ਸਾਡੇ ਚੰਗੇ ਕਰਮ ਹੀ ਅਸਲ ਦੌਲਤ ਹਨ, ਜੋ ਸਾਡੀ ਹੋਂਦ ਦੀ ਮਹੱਤਤਾ ਨੂੰ ਦਰਸਾਉਂਦੇ ਹਨ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**